David Eby BC NDP

# AN ACTION PLAN FOR YOU



## ਕੁਦਰਤ ਦਾ ਬਚਾਵ। ਜਲਵਾਯੂ ਪਰਿਵਰਤਨ ਨਾਲ ਨਜਿੱਠਣਾ।

ਜੌਨ ਰਸਟੈਡ ਜ਼ੋਰ ਦੇ ਕੇ ਕਹਿ ਰਿਹਾ ਹੈ ਕਿ ਜਲਵਾਯੂ ਸਬੰਧੀ ਕੋਈ ਸਮਸਿਆ ਹੈ ਹੀ ਨਹੀਂ, ਉਹ ਜਲਵਾਯੂ ਦੀ ਸਾਇੰਸ ਨੂੰ "ਧੋਖਾ" ਕਹਿੰਦਾ ਹੈ। ਉਹ ਬੀ ਸੀ ਦੀ ਕੁਦਰਤ ਜਿਸ ਨੂੰ ਸਭ ਤੋਂ ਵੱਧ ਖ਼ਤਰਾ ਹੈ, ਨੂੰ ਬਚਾਉਣਾ "ਬੇਵਕੂਫ਼ੀ" ਆਖਦਾ ਹੈ। ਸਾਨੂੰ ਪਤਾ ਹੈ ਕਿ ਉਹ ਗ਼ਲਤ ਹੈ। ਇਹੀ ਕਾਰਣ ਹੈ ਕਿ ਡੇਵਿਡ ਈਬੀ ਦੀ ਬੀ ਸੀ ਐੱਨ ਡੀ ਪੀ ਉਦੋਂ ਤੁਰੰਤ ਕਦਮ ਚੁੱਕ ਰਹੀ ਹੈ ਜਦੋਂ ਅਜਿਹਾ ਕਰਨ ਦੀ ਲੋੜ ਹੈ।

### ਘਰਾਂ ਵਿੱਚ Clean Energy ਸਬੰਧੀ ਕੀਤੇ ਗਏ ਸੁਧਾਰਾਂ ਦਾ ਲਾਭ ਹਾਸਲ ਕਰਨ ਲਈ ਤੁਹਾਡੀ ਮਦਦ ਕਰਨਾ

ਸੋਲਰ ਪੈਨਲਾਂ ਅਤੇ ਘਰ ਵਿੱਚ ਵਰਤੀਆਂ ਜਾਣ ਵਾਲੀਆਂ ਬੈਟਰੀਆਂ 'ਤੇ ਛੋਟਾਂ। ਬੀ ਸੀ ਗਰਿੱਡ ਨੂੰ ਸ਼ੁੱਧ ਬਿਜਲੀ ਵੇਚਣ ਲਈ ਨਵੇਂ ਮੌਕੇ। ਬੀ ਸੀ ਦੇ ਮਕਾਨ ਮਾਲਕਾਂ ਲਈ ਥੋਕ ਵਿੱਚ ਹੀਟ ਪੰਪ ਖ੍ਰੀਦਣਾ। ਹਾਈਡਰੋ ਦੇ ਘੱਟ ਰੇਟ ਅਤੇ ਉਸ ਦੇ ਨਾਲ ਊਰਜਾ ਕੁਸ਼ਲਤਾ ਨਾਲ ਵਰਤੋਂ ਕਰਨ ਲਈ ਕੀਤੇ ਸੁਧਾਰਾਂ ਲਈ ਛੋਟਾਂ।

### ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਣ ਵਾਲਿਆਂ ਵਿਰੁੱਧ ਕਾਰਵਾਈ ਕਰ ਕੇ ਕਾਰਬਨ ਨਾਲ ਹੋਣ ਵਾਲੇ ਪ੍ਰਦੂਸ਼ਣ ਨੂੰ ਘਟਾਉਣਾ

ਮੀਥੇਨ ਵਿੱਚ 2025 ਲਈ ਤੈਅ ਕੀਤੇ ਟੀਚਿਆਂ ਨਾਲੋਂ ਵੱਧ ਕਮੀ ਕਰਨਾ, ਤਾਂ ਕਿ ਉਦਯੋਗਾਂ ਵਿੱਚ 2030 ਤੱਕ ਇਹ ਕਮੀ 75% ਤੱਕ ਹੋ ਸਕੇ।

### ਮੈਟਰੋ ਵੈਨਕੂਵਰ ਵਿੱਚ ਟ੍ਰਾਂਜ਼ਿਟ ਦੇ ਜ਼ਿਆਦਾ ਕਿਫ਼ਾਇਤੀ ਵਿਕਲਪ ਮੁਹੱਈਆ ਕਰਾਉਣਾ

ਸਰੀ ਤੋਂ ਲੈਂਗਲੀ ਸਕਾਈਟ੍ਰੇਨ ਐਕਸਟੈਨਸ਼ਨ ਨੂੰ ਪੂਰਾ ਕਰਨਾ। ਤਿੰਨ ਨਵੇਂ ਬਸ ਰੈਪਿਡ ਟ੍ਰਾਂਜ਼ਿਟ ਕੌਰੀਡੋਰ : ਪਾਰਕ ਰੌਇਲ ਤੋਂ ਮੈਟਰੋ ਟਾਊਨ; ਸਰੀ ਸੈਂਟਰ ਤੋਂ ਵ੍ਹਾਈਟ ਰੌਕ; ਮੇਪਲ ਰਿੱਜ ਤੋਂ ਲੈਂਗਲੀ। ਨੌਰਥ ਸ਼ੋਰ ਵੱਲ ਨਵਾਂ ਰੈਪਿਡ ਟ੍ਰਾਂਜ਼ਿਟ। ਬਰੌਡਵੇਅ ਸਬਵੇਅ ਨੂੰ ਪੂਰਾ ਕਰਨਾ।

### ਫ਼ਰੇਜ਼ਰ ਵੈਲੀ ਵਿੱਚ ਭਾਈਚਾਰਿਆਂ ਨੂੰ ਆਪਸ ਵਿੱਚ ਜੋੜਨਾ

ਵੈੱਸਟ ਕੋਸਟ ਐਕਸਪ੍ਰੈਸ ਨੂੰ ਚਿਲਿਵੈਕ ਤੱਕ ਵਧਾਉਣਾ। ਵੈਲੀ ਦੇ ਵਿੱਚੋਂ ਦੀ ਇੱਕ ਨਵੀਂ ਰੇਲ ਸਰਵਿਸ ਚਾਲੂ ਕਰਨਾ। ਫ਼ਰੇਜ਼ਰ ਵੈਲੀ ਹਾਈਵੇਅ 1 ਕੌਰੀਡੋਰ ਵਿੱਚ ਸੁਧਾਰ ਕਰਨ ਦੇ ਪ੍ਰੋਜੈਕਟ ਦੇ ਅਗਲੇ ਪੜਾਅ ਨੂੰ ਅੱਗੇ ਤੋਰਨਾ ।

### ਜਿਸ ਕਿਸਮ ਦੀ ਹੜ੍ਹਮਾਰੀ ਅਸੀਂ ਸੁਮਾਸ ਪਰੇਰੀ ਵਿੱਚ 2021 ਵਿੱਚ ਦੇਖੀ ਸੀ, ਉਸ ਨੂੰ ਰੋਕਣਾ

ਹਾਈਵੇਅ 1 ਨੂੰ ਚਿਲਿਵੈਕ ਤੱਕ ਚੌੜਾ ਕਰਨ ਦੇ ਕੰਮ ਇਸ ਤਰ੍ਹਾਂ ਕਰਨਾ ਕਿ ਉਹ ਜਲਵਾਯੂ ਦਾ ਮੁਕਾਬਲਾ ਕਰ ਸਕੇ। ਵੈਲੀ ਦੇ ਵਿੱਚੋਂ ਦੀ ਇੱਕ ਨਵੀਂ ਰੇਲ ਸਰਵਿਸ ਚਾਲੂ ਕਰਨਾ। ਫ਼ਰੇਜ਼ਰ ਵੈਲੀ ਹਾਈਵੇਅ 1 ਕੌਰੀਡੋਰ ਵਿੱਚ ਸੁਧਾਰ ਕਰਨ ਦੇ ਪ੍ਰੋਜੈਕਟ ਦੇ ਅਗਲੇ ਪੜਾਅ ਨੂੰ ਅੱਗੇ ਤੋਰਨਾ ।

## ਸਾਡੇ ਵਾਅਦੇ

### ਖਰਚਿਆਂ ਵਿੱਚ ਮਦਦ

ਹਰ ਸਾਲ ਆਮ ਲੋਕਾਂ ਲਈ ਟੈਕਸ ਵਿੱਚ ਕਟੌਤੀ ਦੇ ਨਾਲ ਘਰੇਲੂ ਬਜਟ ਵਿੱਚ $1000 ਦੀ ਸਹਾਇਤਾ

### ਅਜਿਹੇ ਘਰ ਜੋ ਸੱਚਮੁਚ ਵਿੱਚ ਕਿਫ਼ਾਇਤੀ ਹੋਣ

ਸੱਟੇਬਾਜ਼ਾਂ ਵਿਰੁੱਧ ਕਾਰਵਾਈ ਅਤੇ ਆਮ ਲੋਕਾਂ ਲਈ 300,000 ਹੋਰ ਘਰ ਬਣਾਉਣ ਵਿੱਚ ਮਦਦ; ਗੁਪਤ ਬੋਲੀ ਲੱਗਣ ਤੋਂ ਛੁਟਕਾਰਾ ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਹੋਰ ਮੌਕੇ।

### ਹੈੱਲਥ ਕੇਅਰ ਨੂੰ ਬਿਹਤਰ ਬਣਾਉਣਾ

ਹੋਰ ਜ਼ਿਆਦਾ ਡਾਕਟਰ, ਨਰਸਾਂ ਅਤੇ ਹੈੱਲਥ ਕੇਅਰ ਵਰਕਰ ਭਰਤੀ ਕਰਨਾ ਜਿੰਨੇ ਪਹਿਲਾਂ ਕਦੇ ਨਹੀਂ ਕੀਤੇ ਗਏ ਅਤੇ ਡਾਕਟਰਾਂ ਦੀ ਨਵੀਂ ਪੀੜ੍ਹੀ ਨੂੰ ਟ੍ਰੇਨਿੰਗ ਦੇਣ ਲਈ ਐੱਸ ਐੱਫ਼ ਯੂ ਸਰੀ ਵਿੱਚ ਨਵਾਂ ਮੈਡੀਕਲ ਸਕੂਲ ਬਣਾਉਣਾ।

### ਸਾਡੀਆਂ ਸੜਕਾਂ ਨੂੰ ਵਧੇਰੇ ਸੁਰੱਖਿਅਤ ਬਣਾਉਣਾ

ਜਿਨ੍ਹਾਂ ਲੋਕਾਂ ਨੂੰ ਮਦਦ ਦੀ ਲੋੜ ਹੈ, ਉਨ੍ਹਾਂ ਦੀ ਸਹਾਇਤਾ ਕਰਨਾ ਅਤੇ ਉਸ ਦੇ ਨਾਲ ਨਾਲ ਖ਼ਤਰਨਾਕ ਹਥਿਆਰਾਂ ਅਤੇ ਬੰਦੂਕਾਂ ਨੂੰ ਗੈਂਗਾਂ ਦੇ ਹੱਥ ਨਾ ਆਉਣ ਦੇਣਾ ਅਤੇ ਜ਼ਹਿਰੀਲੀਆਂ ਡਰੱਗਾਂ ਨੂੰ ਸੜਕਾਂ 'ਚ ਨਾ ਵਿਕਣ ਦੇਣਾ।

### ਚੰਗੀ ਤਨਖ਼ਾਹ ਵਾਲੀਆਂ, ਟਿਕਾਊ ਨੌਕਰੀਆਂ ਪੈਦਾ ਕਰਨਾ

ਪਰਿਵਾਰਾਂ ਦੀ ਸਹਾਇਤਾ ਕਰਨ ਵਾਲੀਆਂ ਨੌਕਰੀਆਂ ਲਈ ਟ੍ਰੇਨਿੰਗ ਦੇ ਮੌਕਿਆਂ ਵਿੱਚ ਵਾਧਾ ਕਰਨ ਦੇ ਨਾਲ ਨਾਲ ਜਲਵਾਯੂ ਪਰਿਵਰਤਨ ਨਾਲ ਮੁਕਾਬਲਾ ਕਰਨਾ ਅਤੇ ਪ੍ਰਦੂਸ਼ਣ ਫੈਲਾਉਣ 'ਤੇ ਸਖ਼ਤੀ ਕਰਨਾ।

### ਬਜ਼ੁਰਗਾਂ ਲਈ ਮੁਫ਼ਤ ਟ੍ਰਾਂਜ਼ਿਟ ਦਾ ਪਰਵੰਧ ਕਰਨਾ ਅਤੇ ਟ੍ਰਾਂਜ਼ਿਟ ਵਿੱਚ ਵਾਧਾ ਕਰਨਾ ਅਤੇ ਉਸ ਦਾ ਦਾਇਰਾ ਵਧਾਉਣਾ

ਨਾਨ ਪੀਕ (ਘਟ ਬਿਜ਼ੀ) ਸਮੇਂ ਦੌਰਾਨ ਮੁਫ਼ਤ ਟ੍ਰਾਂਜ਼ਿਟ ਰਾਹੀਂ ਬਜ਼ੁਰਗਾਂ ਦੀ ਸ਼ਹਿਰ ਵਿੱਚ ਇਧਰ ਉਧਰ ਜਾਣ ਵਿੱਚ ਮਦਦ ਕਰਨਾ। ਸੀਨੀਅਰ ਸਪਲੀਮੈਂਟ ਨੂੰ ਦੁੱਗਣਾ ਕਰਨਾ। ਤਿੰਨ ਨਵੇਂ ਬਸ ਰੈਪਿਡ ਟ੍ਰਾਂਜ਼ਿਟ ਕੌਰੀਡੋਰ ਬਣਾਉਣਾ ਜਿਸ ਵਿੱਚ ਸਰੀ ਸੈਂਟਰ ਤੋਂ ਵ੍ਹਾਈਟ ਰੌਕ ਸ਼ਾਮਲ ਹੈ।

### ਸਕੂਲਾਂ ਵਿੱਚ ਸੈੱਲ ਫ਼ੋਨ ਦੀ ਵਰਤੋਂ 'ਤੇ ਪਾਬੰਦੀ ਲਾਉਣਾ ਅਤੇ (Learning challenges) ਵਾਲੇ ਬੱਚਿਆਂ ਲਈ ਸਹਾਇਤਾ

ਬੱਚਿਆਂ ਨੂੰ ਵਧੇਰੇ ਸੁਰੱਖਿਅਤ ਰੱਖਣ ਲਈ, ਅਤੇ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਬਿਹਤਰ ਬਣਾਉਣ ਲਈ ਅਸੀਂ ਸਕੂਲਾਂ ਵਿੱਚ ਸੈੱਲ ਫ਼ੋਨ ਦੀ ਵਰਤੋਂ 'ਤੇ ਪਾਬੰਦੀ ਲਾਵਾਂਗੇ। ਸਿੱਖਣ ਸਬੰਧੀ ਚੁਣੌਤੀਆਂ ਵਾਲੇ ਬੱਚਿਆਂ ਦੀ ਸ਼ੁਰੂ ਵਿੱਚ ਪਛਾਣ ਅਤੇ ਸਹਾਇਤਾ ਕਰਨਾ।

AUTHORIZED BY KAREN COOLING, FINANCIAL AGENT, 604-430-8600



# ਤੁਹਾਡੇ ਖ਼ਰਚਿਆਂ ਨੂੰ ਘਟਾਉਣ ਵਿੱਚ ਮਦਦ ਕਰਨਾ

ਡੇਵਿਡ ਈਬੀ ਅਤੇ ਐੱਨ ਡੀ ਪੀ ਟੀਮ ਤੁਹਾਡੀਆਂ ਬੱਚਤਾਂ ਨੂੰ ਸੁਰੱਖਿਅਤ ਰੱਖਣਗੇ। ਅਤੇ ਅਸੀਂ ਤੁਹਾਡੀਆਂ ਜੇਬਾਂ ਵਿੱਚ ਹੋਰ ਪੈਸਾ ਪਾਉਣ ਦੇ ਨਾਲ ਨਾਲ ਉਨ੍ਹਾਂ ਜਨਤਕ ਸੇਵਾਵਾਂ ਨੂੰ ਵੀ ਬਚਾਵਾਂਗੇ ਜਿਨ੍ਹਾਂ 'ਤੇ ਤੁਹਾਡਾ ਪਰਿਵਾਰ ਨਿਰਭਰ ਕਰਦਾ ਹੈ।

**ਆਮ ਲੋਕਾਂ ਲਈ ਇਨਕਮ ਟੈਕਸ ਵਿੱਚ ਛੋਟ ਦੇਣਾ**
ਹਰ ਸਾਲ ਬੀ ਸੀ ਦੇ 90% ਪਰਿਵਾਰਾਂ ਦੇ ਬਟੂਏ ਵਿੱਚ $1,000 ਪਾਉਣਾ - ਜਿਸ ਲਈ ਪਹਿਲੇ ਸਾਲ ਦੌਰਾਨ ਇੱਕ ਵਿਅਕਤੀ ਲਈ $500 ਦੀ ਜਾਂ ਘਰ ਪਰਿਵਾਰ ਲਈ $1,000 ਦੀ ਛੋਟ ਅਤੇ ਆਉਣ ਵਾਲੇ ਸਾਲਾਂ ਦੌਰਾਨ ਟੈਕਸ ਵਿੱਚ ਛੋਟ।

**ਬਜ਼ੁਰਗਾਂ ਲਈ ਮੁਫ਼ਤ ਟ੍ਰਾਂਜ਼ਿਟ, ਵਧੇਰੇ ਰਿਹਾਇਸ਼ਾਂ , ਬੱਚਤਾਂ ਦੀ ਸਹੂਲਤ ਦੇਣਾ**
ਘੱਟ ਮਸਰੂਫ਼ ਸਮੇਂ ਦੌਰਾਨ ਮੁਫ਼ਤ ਟ੍ਰਾਂਜ਼ਿਟ ਰਾਹੀਂ ਬਜ਼ੁਰਗਾਂ ਦੀ ਸ਼ਹਿਰ ਵਿੱਚ ਇਧਰ ਉਧਰ ਜਾਣ ਵਿੱਚ ਮਦਦ ਕਰਨਾ। ਸੁਰੱਖਿਅਤ ਅਤੇ ਸੀਨੀਅਰਜ਼ ਬੈਨੀਫਿਟ ਵਿੱਚ ਵਾਧਾ ਕਰ ਕੇ ਅਤੇ ਬੈਟਰ ਐਟ ਹੋਮ ਪ੍ਰੋਗਰਾਮ ਨੂੰ ਵਧਾ ਕੇ ਬਜ਼ੁਰਗਾਂ ਦੀ ਆਜ਼ਾਦ ਜ਼ਿੰਦਗੀ ਜਿਉਣ ਵਿੱਚ ਮਦਦ ਕਰਨਾ। 5,400 ਲੌਂਗ ਟਰਮ ਕੇਅਰ ਬੈੱਡ ਤਿਆਰ ਕਰਨਾ।

**ਸਕੂਲਾਂ ਵਿੱਚ ਹੋਰ ਜ਼ਿਆਦਾ ਖਾਣਾ ਦੇ ਕੇ ਪਰਿਵਾਰਾਂ ਦਾ ਗਰੋਸ਼ਰੀ 'ਤੇ ਖ਼ਰਚ ਹੋਣ ਵਾਲਾ ਪੈਸਾ ਬਚਾਉਣਾ**
ਪਬਲਿਕ ਸਕੂਲ ਮੀਲਜ਼ ਪ੍ਰੋਗਰਾਮ ਨੂੰ ਵਧਾ ਕੇ ਤੁਹਾਡੇ ਮਹੀਨੇ ਦੇ ਬਜਟ ਵਿੱਚ ਮਦਦ ਕਰਨਾ।

**12 ਸਾਲ ਦੀ ਉਮਰ ਤੱਕ ਦੇ ਬੱਚਿਆਂ ਲਈ ਸਕੂਲ ਤੋਂ ਪਹਿਲਾਂ -ਅਤੇ ਬਾਦ ਵਿੱਚ- ਕਿਫ਼ਾਇਤੀ ਦੇਖਭਾਲ ਮੁਹੱਈਆ ਕਰਾਉਣਾ**
ਹੋਰ ਜ਼ਿਆਦਾ ਪਰਿਵਾਰਾਂ ਵਾਸਤੇ ਖਰਚਿਆਂ ਵਿੱਚ ਕਮੀ ਲਿਆਉਣ ਲਈ ਹਰ ਡਿਸਟ੍ਰਿਕਟ ਵਿੱਚ ਸਕੂਲਾਂ ਨਾਲ ਸਹਿਯੋਗ ਕਰਨਾ।

**ਬੱਚਿਆਂ ਦੀ ਦੇਖਭਾਲ ਲਈ ਹੋਰ ਜ਼ਿਆਦਾ ਕਿਫ਼ਾਇਤੀ ਥਾਂਵਾਂ ਬਣਾਉਣਾ**
ਵਧੇਰੇ ਪਹੁੰਚਯੋਗ, ਕਿਫ਼ਾਇਤੀ ਥਾਵਾਂ ਲਈ $500 ਮਿਲੀਅਨ ਦੇ ਇੱਕ ਨਵੇਂ ਫੰਡ ਦਾ ਨਿਵੇਸ਼ + ਲੰਮੇ ਸਮੇਂ ਲਈ ਇੱਕ ਕੈਪੀਟਲ ਯੋਜਨਾ

**ਘਰਾਂ ਨੂੰ ਗਰਮ ਰੱਖਣ ਵਿੱਚ ਅਤੇ ਗੈਸ ਬਿਜਲੀ 'ਤੇ ਹੋਣ ਵਾਲੇ ਤੁਹਾਡੇ ਖ਼ਰਚੇ ਨੂੰ ਘਟਾਉਣਾ**
ਊਰਜਾ ਕੁਸ਼ਲਤਾ ਵਿੱਚ ਸੁਧਾਰ ਕਰਨ ਲਈ ਛੋਟਾਂ ਦੇ ਕੇ ਹਾਈਡਰੋ ਦੇ ਰੇਟਾਂ ਨੂੰ ਘਟਾ ਕੇ ਰੱਖਣਾ



# ਰਿਕੰਸਲੀਏਸ਼ਨ ਅਤੇ ਵਧੀਆ ਸਰਕਾਰ

**ਡੈਕਲੇਰੇਸ਼ਨ ਐਕਟ ਐਕਸ਼ਨ ਪਲੈਨ ਸਬੰਧੀ ਸਾਂਝੇ ਕੰਮ ਨੂੰ ਜਾਰੀ ਰੱਖਣਾ**
ਫ਼ਸਟ ਨੇਸ਼ਨਜ਼ ਨਾਲ ਅਜਿਹੇ ਤਰੀਕਿਆਂ ਨਾਲ ਮੇਲਮਿਲਾਪ ਵਧਾਉਣਾ ਜੋ ਠੋਸ ਹੋਣ ਅਤੇ ਜਿਨ੍ਹਾਂ ਰਾਹੀਂ ਪਤਾ ਲੱਗੇ ਕਿ ਅਜਿਹਾ ਹੋ ਰਿਹਾ ਹੈ।

**ਉਟਵਾ ਵਿੱਚ ਸਰਕਾਰ 'ਤੇ ਜ਼ੋਰ ਪਾਉਣਾ ਕਿ ਇਮੀਗ੍ਰੇਸ਼ਨ ਸਬੰਧੀ ਨੀਤੀਆਂ ਬਣਾਉਣ ਦਾ ਕੰਮ ਅਤੇ ਇਸ ਸਬੰਧੀ ਖ਼ਰਚ ਹੋਣ ਵਾਲਾ ਪੈਸਾ ਸੂਬਿਆਂ ਦੇ ਹਵਾਲੇ ਕਰੇ।**
ਕਿਊਬੈੱਕ ਵਾਂਗ, ਅਸੀਂ ਹੁਨਰਮੰਦ ਪ੍ਰਵਾਸੀਆਂ ਨੂੰ ਭਰਤੀ ਕਰਨ ਅਤੇ ਕੰਮ 'ਤੇ ਲੱਗੇ ਰਹਿਣ ਲਈ ਪ੍ਰੇਰਿਤ ਕਰਨ ਸਬੰਧੀ ਹੋਰ ਵੀ ਵਧੀਆ ਕੰਮ ਕਰਾਂਗੇ, ਟੈਂਪਰੇਰੀ ਫੌਰੇਨ ਵਰਕਰ ਪ੍ਰੋਗਰਾਮ ਦੀ ਗ਼ਲਤ ਵਰਤੋਂ ਨੂੰ ਘਟਾਇਆ ਜਾਏਗਾ।

**ਹੈੱਲਥ ਅਥੌਰਟੀਆਂ ਦੀ ਸਮੀਖਿਆ ਕਰਨਾ**
ਹੈੱਲਥ ਅਥੌਰਟੀਆਂ ਦੀ ਮੁਕੰਮਲ ਸਮੀਖਿਆ ਕਰਨਾ ਜਿਸ ਦਾ ਮਕਸਦ ਹੈ ਕਿ ਖ਼ਰਚਿਆਂ ਨੂੰ ਘਟਾਇਆ ਜਾਵੇ ਅਤੇ ਹੈੱਲਥ ਕੇਅਰ ਨਾਲ ਸਬੰਧਤ ਨੀਤੀਆਂ 'ਤੇ ਖੇਤਰੀ ਪੱਧਰ 'ਤੇ ਧਿਆਨ ਦਿੱਤਾ ਜਾਵੇ।

**ਪੂਰੇ ਸੂਬੇ ਲਈ ਇੱਕ ਇੱਕੋ ਜਿਹਾ, ਔਨਲਾਈਨ ਮਿਉਨਿਸਿਪਲ ਬਿਲਡਿੰਗ ਪਰਮਿਟ ਸਿਸਟਮ ਤਿਆਰ ਕਰਨਾ**
ਲੋਕਾਂ ਅਤੇ ਕਾਰੋਬਾਰਾਂ ਵੱਲੋਂ ਘਰਾਂ ਦੀ ਉਸਾਰੀ ਲਈ ਪਰਮਿਟ ਦੇਣ ਦਾ ਇਕਸਾਰ ਸਿਸਟਮ। ਮਿਉਨਿਸਪੈਲਟੀਆਂ 'ਤੇ ਪਰਵੰਧ ਕਰਨ ਅਤੇ ਟੇਕਨੋਲੋਜੀ ਦੇ ਖਰਚਿਆਂ ਦਾ ਬੋਝ ਘਟਾਉਣਾ।

**ਕਾਨੂੰਨ ਲਾਗੂ ਕਰਨ ਵਾਲੀਆਂ ਸੂਬਾਈ ਟੀਮਾਂ ਨੂੰ ਇਕੱਠੀਆਂ ਕਰ ਕੇ ਕਾਨੂੰਨ ਲਾਗੂ ਕਰਨ ਵਾਲੀ ਇੱਕੋ ਏਜੰਸੀ ਬਣਾਉਣਾ**
ਬੁਰੇ ਅੰਸ਼ਾਂ 'ਤੇ ਨਜ਼ਰ ਰੱਖਣ ਵੱਲ ਵਧੇਰੇ ਧਿਆਨ ਦੇਣਾ। ਆਰ ਸੀ ਐੱਮ ਪੀ ਅਫ਼ਸਰਾਂ ਦਾ ਕੰਮ ਘਟਾਉਣਾ ਤਾਂ ਕਿ ਉਹ ਸੂਬਾਈ ਕਾਨੂੰਨ ਲਾਗੂ ਕਰਨ ਦੀ ਥਾਂ ਜੁਰਮ ਰੋਕਣ ਵੱਲ ਜ਼ਿਆਦਾ ਧਿਆਨ ਦੇ ਸਕਣ।

# ਹੈੱਲਥ ਕੇਅਰ ਨੂੰ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਬਿਹਤਰ ਬਣਾਉਣਾ

ਡੇਵਿਡ ਈਬੀ ਅਤੇ ਬੀ ਸੀ ਐੱਨ ਡੀ ਪੀ ਟੀਮ ਹੈੱਲਥ ਕੇਅਰ ਨੂੰ ਮਜ਼ਬੂਤ ਬਣਾ ਰਹੇ ਹਨ, ਪਹਿਲਾਂ ਨਾਲੋਂ ਕਿਤੇ ਜ਼ਿਆਦਾ ਡਾਕਟਰ ਅਤੇ ਨਰਸਾਂ ਭਰਤੀ ਕੀਤੀਆਂ ਜਾ ਰਹੀਆਂ ਹਨ, ਅਤੇ ਪਿਛਲੇ ਸਾਲ ਇਸ ਤੋਂ ਪਹਿਲਾਂ ਦੇ ਕਿਸੇ ਵੀ ਸਾਲ ਨਾਲੋਂ ਵੱਧ ਸਰਜਰੀਆਂ ਕੀਤੀਆਂ ਗਈਆਂ। ਇਸ ਤਰ੍ਹਾਂ ਅਸੀਂ ਪੂਰੇ ਬੀ ਸੀ ਵਿੱਚ ਬਿਹਤਰ ਅਤੇ ਤੇਜ਼ੀ ਨਾਲ ਜਨਤਕ ਸਿਹਤ ਸੰਭਾਲ ਮੁਹੱਈਆ ਕਰਾਵਾਂਗੇ।

### ਤੁਹਾਨੂੰ ਕਿਸੇ ਫ਼ੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨਾਲ ਜੋੜਨਾ

ਪਿਛਲੇ 18 ਮਹੀਨਿਆਂ ਦੌਰਾਨ 248,000 ਲੋਕਾਂ ਨੂੰ ਕਿਸੇ ਫ਼ੈਮਿਲੀ ਡਾਕਟਰ ਨਾਲ ਜੋੜਿਆ ਗਿਆ ਹੈ+160,000 ਹੋਰ ਲੋਕ ਅਗਲੇ ਛੇ ਮਹੀਨਿਆਂ ਵਿੱਚ ਜੋੜੇ ਦਿੱਤੇ ਜਾਣਗੇ। ਇਸ ਰਫ਼ਤਾਰ ਨਾਲ, ਜਿਸ ਕਿਸੇ ਨੂੰ ਵੀ ਫ਼ੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਦੀ ਲੋੜ ਹੈ, ਉਨ੍ਹਾਂ ਨੂੰ ਇਨ੍ਹਾਂ 'ਚੋਂ ਇੱਕ 2025 ਦੇ ਅੰਤ ਤੱਕ ਮਿਲ ਜਾਏਗਾ।

### ਪੂਰੇ ਬੀ ਸੀ ਵਿੱਚ ਹਸਪਤਾਲਾਂ ਦੀ ਉਸਾਰੀ ਜਾਂ ਉਨ੍ਹਾਂ ਨੂੰ ਵੱਡੇ ਕਰਨ-ਨਾਲ ਨਾਲ ਹੋਰ ਵੀ ਬਣਨਗੇ

2017 ਤੋਂ ਲੈ ਕੇ 29 ਹਸਪਤਾਲ ਨਵੇਂ ਬਣਾਏ ਗਏ ਹਨ ਜਾਂ ਉਨ੍ਹਾਂ ਨੂੰ ਵੱਡਾ ਕੀਤਾ ਗਿਆ ਹੈ, ਜਿਸ ਵਿੱਚ ਸਰੀ, ਬਰਨਬੀ, ਰਿਚਮੰਡ, ਵੈਨਕੂਵਰ ਵਿਚਲੇ ਹਸਪਤਾਲ ਸ਼ਾਮਲ ਹਨ।

### ਮੈਡੀਕਲ ਸਰਵਿਸ ਪਲੈਨ ਦੀਆਂ ਮਹਿੰਗੀਆਂ ਕਿਸ਼ਤਾਂ ਦੁਬਾਰਾ ਭਰਨ ਤੋਂ ਤੁਹਾਨੂੰ ਬਚਾਉਣਾ

ਅਸੀਂ ਇਨ੍ਹਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿਆਂਗੇ। ਜਿੰਨਾ ਚਿਰ ਅਸੀ ਹਾਂ, ਇਹ ਕਦੇ ਦੁਬਾਰਾ ਸ਼ੁਰੂ ਨਹੀਂ ਹੋਣਗੀਆਂ।

### ਬੀ ਸੀ ਵਿੱਚ ਹੋਰ ਡਾਕਟਰਾਂ ਨੂੰ ਟ੍ਰੇਨਿੰਗ ਦੇਣਾ; ਵਿਦੇਸ਼ ਵਿੱਚ ਕੀਤੀ ਪੜ੍ਹਾਈ ਨੂੰ ਮਾਨਤਾ ਦਿਵਾਉਣ ਵਿੱਚ ਮਦਦ ਕਰਨਾ

ਮੈਡੀਕਲ ਸਕੂਲਾਂ ਵਿੱਚ ਦਾਖਲੇ ਲਈ ਦਰਜਨਾਂ ਹੀ ਹੋਰ ਸੀਟਾਂ। 48 ਨਵੀਆਂ ਰੈਜ਼ੀਡੈਂਸੀ ਪੋਜ਼ੀਸ਼ਨਾਂ। ਨਵੇਂ ਐੱਸ ਐੱਫ਼ ਯੂ ਮੈਡੀਕਲ ਸਕੂਲ ਵਿੱਚ 2026 ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਸ਼ੁਰੂ ਹੋ ਜਾਏਗਾ। ਡਾਕਟਰਾਂ, ਨਰਸਾਂ ਅਤੇ ਹੋਰ ਸਿਹਤ ਸੰਭਾਲ ਕਰਨ ਵਾਲਿਆਂ ਦੀ ਵਿਦੇਸ਼ ਵਿੱਚ ਕੀਤੀ ਪੜ੍ਹਾਈ ਨੂੰ ਮਾਨਤਾ ਦੇਣ ਵਿੱਚ ਤੇਜ਼ੀ ਲਿਆਉਣਾ।

### ਕੈਂਸਰ ਲਈ ਬਿਹਤਰ ਸਾਂਭ ਸੰਭਾਲ ਮੁਹੱਈਆ ਕਰਾਉਣਾ; ਵੇਟ ਟਾਈਮ ਘਟਾਉਣਾ

ਸਰੀ ਸਮੇਤ ਕੈਂਸਰ ਦੇ ਇਲਾਜ ਲਈ ਚਾਰ ਨਵੇਂ ਸੈਂਟਰ। ਕੈਂਸਰ ਦਾ ਇਲਾਜ ਕਰਨ ਵਾਲੇ ਹੋਰ ਡਾਕਟਰ ਅਤੇ ਰੇਡੀਏਸ਼ਨ ਥੈਰੇਪਿਸਟ ਭਰਤੀ ਕਰਨਾ (ਕੇਵਲ ਪਿਛਲੇ ਸਾਲ ਦੌਰਾਨ ਹੀ ਅਸੀਂ 92 ਹੋਰ ਭਰਤੀ ਕੀਤੇ ਹਨ)। ਕੈਂਸਰ ਦੇ ਮਰੀਜ਼ਾਂ ਲਈ ਨੌਕਰੀ 'ਤੇ ਰਹਿੰਦਿਆਂ ਮਿਲਣ ਵਾਲੀ ਛੁੱਟੀ ਨੂੰ ਵਧਾ ਕੇ 27 ਹਫ਼ਤਿਆਂ ਤੱਕ ਕਰਨਾ।

### ਬੀ ਸੀ ਦੇ ਵਿਦਿਆਰਥੀਆਂ ਅਤੇ ਨੌਜੁਆਨਾਂ ਨੂੰ ਮਾਨਸਕ ਸਿਹਤ ਸੰਭਾਲ ਮੁਹੱਈਆ ਕਰਾਉਣਾ

ਇਹ ਯਕੀਨੀ ਬਣਾਉਣਾ ਕਿ ਹਰ ਇਕ ਪਬਲਿਕ ਸਕੂਲ ਵਿੱਚ ਇੱਕ ਮਾਨਸਕ ਸਿਹਤ ਕਾਉਂਸਲਰ ਹੋਵੇ। ਨੌਜੁਆਨਾਂ ਲਈ ਫ਼ਾਊਂਡਰੀ ਸੈਂਟਰਾਂ ਨੂੰ 10 ਹੋਰ ਕਮਿਉਨਿਟੀਆਂ ਵਿੱਚ ਮੁਹੱਈਆ ਕਰਾਉਣਾ। ਬੀ ਸੀ ਦੇ ਸਕੂਲਾਂ ਵਿੱਚ ਡਰੱਗਾਂ ਦੀ ਰੋਕਥਾਮ ਸਬੰਧੀ ਹੋਰ ਮਜ਼ਬੂਤੀ ਨਾਲ ਸਿੱਖਿਆ ਦੇਣਾ।

### ਇਲਾਜ ਤੱਕ ਪਹੁੰਚ ਦਾ ਦਾਇਰਾ ਹੋਰ ਵੱਡਾ ਕਰਨਾ ਤਾਂ ਕਿ ਹੋਰ ਜ਼ਿਆਦਾ ਲੋਕਾਂ ਨੂੰ ਲੋੜੀਂਦੀ ਮਦਦ ਮਿਲ ਸਕੇ

ਨਸ਼ਾਖ਼ੋਰੀ ਦੇ ਇਲਾਜ ਲਈ 650 ਨਵੇਂ ਬੈੱਡ ਅਤੇ ਹੋਰ ਆ ਰਹੇ ਹਨ। ਕੰਸਟ੍ਰਕਸ਼ਨ ਵਰਕਰਾਂ ਲਈ ਇਲਾਜ ਦੇ ਸੈਂਟਰ (ਦਰਗਾਂ ਕਰਕੇ ੫ ਮੌਤਾਂ ਵਿਚੋਂ ਇਕ ਕੌਂਸਟ੍ਰਕਸ਼ਨ ਵਰਕਰ ਹੋਵੇਗਾ) ਮਾਪਿਆਂ ਲਈ ਰਿਹਾਇਸ਼ੀ ਇਲਾਜ ਲਈ ਨਵੇਂ ਵਿਕਲਪ।

# ਸੁਰੱਖਿਅਤ, ਵਧੇਰੇ ਮਜ਼ਬੂਤ, ਵਧੇਰੇ ਰਹਿਣ ਯੋਗ ਭਾਈਚਾਰੇ

ਸੜਕਾਂ ਅਤੇ ਆਂਢ ਗੁਆਂਢ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਪੁਲਿਸ ਨਾਲ ਸਹਿਯੋਗ ਕਰਨ ਦੇ ਨਾਲ ਨਾਲ ਸਕੂਲਾਂ, ਭਾਈਚਾਰੇ ਦੇ ਬੁਨਿਆਦੀ ਢਾਂਚੇ ਅਤੇ ਮਨੋਰੰਜਨ ਦੇ ਮੌਕੇ ਦੇਣ ਲਈ ਨਿਵੇਸ਼ ਕਰਨਾ



### ਸਾਡੀਆਂ ਸੜਕਾਂ ਨੂੰ ਵਧੇਰੇ ਸੁਰੱਖਿਅਤ ਰੱਖਣਾ

ਬੰਦੂਕਾਂ ਨੂੰ ਸੜਕਾਂ ਤੋਂ ਦੂਰ ਰੱਖਣ ਅਤੇ ਗੈਂਗਾਂ ਦੇ ਵਿਰੁੱਧ ਪ੍ਰੋਗਰਾਮਾਂ ਨੂੰ ਜਾਰੀ ਰੱਖਣ ਲਈ ਪੁਲਿਸ ਦੀ ਮਦਦ ਕਰਨਾ, ਜਿਵੇਂ ਕਿ ਇਨਟੈਗਰੇਟਿਡ ਗੈਂਗ ਹੋਮੀਸਾਈਡ ਟੀਮ।

### ਸੰਗਠਿਤ ਅਪਰਾਧ ਤੋਂ ਪੈਦਾ ਕੀਤੀ ਗਈ ਆਮਦਨੀ ਨੂੰ ਤੇਜ਼ੀ ਨਾਲ ਜ਼ਬਤ ਕਰਨਾ

ਅਪਰਾਧੀ ਨੈੱਟਵਰਕਾਂ ਨੂੰ ਫ਼ਾਇਦਾ ਨਾ ਹੋਣ ਦੇਣਾ। ਗੈਂਗ ਹਾਊਸਾਂ ਨੂੰ ਬੰਦ ਕਰਨਾ+ਉਨ੍ਹਾਂ ਦੀਆਂ ਕਾਰਾਂ ਜ਼ਬਤ ਕਰਨਾ। ਜਾਇਦਾਦ ਦੇ ਮਾਲਕ ਨੂੰ ਦੱਸ ਕੇ ਅਪਰਾਧੀਆਂ ਵੱਲੋਂ ਵਰਤੀਆਂ ਜਾਣ ਵਾਲੀਆਂ ਜਾਇਦਾਦਾਂ ਜ਼ਬਤ ਕਰਨਾ।

### ਬਾਰ ਬਾਰ ਅਪਰਾਧ ਕਰਨ ਵਾਲਿਆਂ ਨੂੰ raste ch rokna

ਟੀਚਾ ਮਿਥ ਕੇ ਕੰਮ ਕਰਨ ਲਈ ਪੁਲਿਸ ਨੂੰ ਮਜ਼ਬੂਤ ਕਰਨਾ। ਫ਼ੌਰੀ ਪੁਲਿਸ ਪੜਤਾਲ ਲਈ ਮਾਲੀ ਮਦਦ ਵਿੱਚ ਵਾਧਾ ਕਰਨਾ। ਪ੍ਰੋਸੀਕਯੂਟਰਸ ਲਈ ਮਾਮਲਿਆਂ ਨੂੰ ਨਿਪਟਾਉਣ ਲਈ ਸਮੁੱਚੀ ਸਮਰੱਥਾ ਵਿੱਚ ਹੋਰ ਵਾਧਾ ਕਰਨਾ। ਉਟਵਾ ਵਿੱਚ ਸਰਕਾਰ 'ਤੇ ਜ਼ੋਰ ਦੇਣਾ ਕਿ ਬਾਰ ਬਾਰ ਅਪਰਾਧ ਕਰਨ ਵਾਲਿਆਂ ਲਈ ਵਧੇਰੇ ਮਜ਼ਬੂਤ ਜ਼ਮਾਨਤ ਅਤੇ ਕੈਦ ਦੀਆਂ ਸ਼ਰਤਾਂ ਕਾਇਮ ਕੀਤੀਆਂ ਜਾਣ।

### ਔਰਤਾਂ, ਐੱਲ ਜੀ ਬੀ ਟੀ ਕਿਊ+ ਲੋਕਾਂ ਅਤੇ ਪਰਿਵਾਰਾਂ ਦੀ ਘਰੇਲੂ ਦੁਰਵਿਉਹਾਰ ਅਤੇ ਹਿੰਸਾ ਦੇ ਹਾਲਾਤ 'ਚੋਂ ਪੱਕੇ ਤੌਰ 'ਤੇ ਬਾਹਰ ਨਿਕਲਣ ਵਿੱਚ ਮਦਦ ਕਰਨਾ

ਟ੍ਰਾਂਜ਼ੀਸ਼ਨ ਹਾਊਸਾਂ ਵਿੱਚ ਵਾਧਾ ਕਰਨਾ। ਬਦਸਲੂਕੀ ਵਾਲੇ ਰਿਸ਼ਤਿਆਂ 'ਚੋਂ ਨਿਕਲਣ ਵਾਲੀਆਂ ਔਰਤਾਂ ਦੀਆਂ ਨੌਕਰੀਆਂ ਨੂੰ ਬਚਾਉਣਾ।

### ਗੁਜ਼ਰ ਜਾਣ ਵਾਲੇ ਲੋਕਾਂ ਦੀਆਂ ਜ਼ਿੰਦਗੀਆਂ, ਪਰਿਵਾਰਾਂ ਅਤੇ ਸੱਭਿਆਚਾਰਾਂ ਦਾ ਆਦਰ ਸਨਮਾਨ ਕਰਨਾ

ਅਸੀਂ ਆਦਰਪੂਰਵਕ ਅੰਤਿਮ ਵਿਦਾਈ ਰਸਮਾਂ ਨਿਭਾਉਣ ਦੇ ਵਿਕਲਪਾਂ ਦਾ ਆਧੁਨਿਕੀਕਰਣ ਅਤੇ ਵਿਸਤਾਰ ਕਰਾਂਗੇ, ਜਿਸ ਵਿੱਚ ਵਗਦੇ ਪਾਣੀ ਵਿੱਚ ਅਸਥੀਆਂ ਪ੍ਰਵਾਹ ਕਰਨਾ ਸ਼ਾਮਲ ਹੈ।

### ਕਲਾ, ਸੱਭਿਆਚਾਰ ਅਤੇ ਖੇਡ ਫ਼ੰਡ

ਕਲਾਵਾਂ, ਸੱਭਿਆਚਾਰਾਂ ਅਤੇ ਖੇਡਾਂ ਦੇ ਬੁਨਿਆਦੀ ਢਾਂਚੇ ਲਈ ਫ਼ੰਡ ਵਿੱਚ ਵਾਧਾ ਕਰਨਾ ਜਿਸ ਨਾਲ ਸਥਾਨਕ ਭਾਈਚਾਰਕ ਅਤੇ ਸੱਭਿਆਚਾਰਕ ਸੰਸਥਾਵਾਂ ਦੀ ਮਦਦ ਹੁੰਦੀ ਹੈ। ਸਾਲ ਦਰ ਸਾਲ ਮੇਲਿਆਂ, ਤਿਉਹਾਰਾਂ ਅਤੇ ਸਮਾਗਮਾਂ ਲਈ ਪੱਕੇ ਤੌਰ 'ਤੇ ਮਾਲੀ ਮਦਦ ਮੁਹੱਈਆ ਕਰਾਉਣਾ।

# ਚੰਗੀ ਤਨਖ਼ਾਹ ਵਾਲੀਆਂ ਨੌਕਰੀਆਂ ਰਾਹੀਂ ਇੱਕ ਟਿਕਾਊ ਆਰਥਕਤਾ ਪੈਦਾ ਕਰਨਾ

ਬੀ ਸੀ ਵਿੱਚ ਹਰ ਕਿਸੇ ਲਈ ਇੱਕ ਖ਼ੁਸ਼ਹਾਲ, ਟਿਕਾਊ ਭਵਿੱਖ ਦਾ ਰਾਹ ਖੁੱਲ੍ਹਾ ਹੈ-ਅਤੇ ਅਸੀਂ ਹਰ ਰੋਜ਼ ਇਸ ਲਈ ਕੋਸ਼ਿਸ਼ ਕਰ ਰਹੇ ਹਾਂ। ਇਸ ਤਰ੍ਹਾਂ।



### ਛੋਟੇ ਕਾਰੋਬਾਰਾਂ ਲਈ ਸੁਰੱਖਿਆ ਵਧਾਉਣਾ ਅਤੇ ਲਾਲ ਫ਼ੀਤਾਸ਼ਾਹੀ ਨੂੰ ਘੱਟ ਕਰਨਾ

ਕਾਰੋਬਾਰੀ ਥਾਵਾਂ ਦੇ ਮਾਲਕਾਂ ਅਤੇ ਕਾਰੋਬਾਰੀਆਂ ਦਰਮਿਆਨ ਝਗੜਿਆਂ ਨੂੰ ਔਨਲਾਈਨ ਡਿਸਪਿਊਟ ਰੈਜ਼ੋਲਿਊਸ਼ਨ ਟ੍ਰਾਈਬਿਊਨਲ ਦੇ ਦਾਇਰੇ ਵਿੱਚ ਲਿਆਉਣਾ। ਪੀ ਐੱਸ ਟੀ ਦੀ ਫ਼ਾਯਲਿੰਗ ਨੂੰ ਹਰ ਤਿਨ ਮਹੀਨੇ ਤੋਂ ਲੈਕੇ ਇਕ ਮਹੀਨਾ ਕਰਨਾ।

### ਇੱਕ ਟਿਕਾਊ ਭਵਿੱਖ ਬਾਰੇ ਬੀ ਸੀ ਦੇ ਖੇਤੀਬਾੜੀ ਸੈਕਟਰ ਨਾਲ ਸਹਿਯੋਗ ਕਰਨਾ

ਐਗਰੀ-ਫੂਡ ਮੁਕਾਬਲੇਬਾਜ਼ੀ ਅਤੇ ਵਿਕਾਸ ਰਣਨੀਤੀ ਤਿਆਰ ਕਰਨ ਲਈ ਖੇਤੀਬਾੜੀ ਉਦਯੋਗ ਦੇ ਭਾਗੀਦਾਰਾਂ, ਫ਼ਸਟ ਨੇਸ਼ਨਜ਼ ਅਤੇ ਸਥਾਨਕ ਸਰਕਾਰਾਂ ਨਾਲ ਸਹਿਯੋਗ ਕਰਨ ਲਈ ਪ੍ਰੀਮੀਅਰ ਦੀ ਟਾਸਕ ਫ਼ੋਰਸ ਕਾਇਮ ਕਰਨਾ।

### ਬੀ ਸੀ ਦੀ ਖੇਤੀਬਾੜੀ ਵਾਲੀ ਜ਼ਮੀਨ 'ਤੇ ਮੌਕਿਆਂ ਵਿੱਚ ਜ਼ਿਆਦਾ ਤੋਂ ਜ਼ਿਆਦਾ ਵਾਧਾ ਕਰਨਾ

ਭਵਿੱਖ ਦੀਆਂ ਪੀੜ੍ਹੀਆਂ ਲਈ ਖੇਤੀਬਾੜੀ ਵਾਲੀ ਜ਼ਮੀਨ ਦਾ ਹਿਸਾਬ ਕਿਤਾਬ ਅਤੇ ਉਸ ਨੂੰ ਸੁਰੱਖਿਅਤ ਰੱਖਣਾ। ਖੇਤੀਬਾੜੀ ਵਿੱਚ ਨਵੀਆਂ ਤਕਨੀਕਾਂ ਅਤੇ ਫੂਡ ਪ੍ਰੋਸੈਸਿੰਗ ਲਈ ਜ਼ਮੀਨ ਦੀ ਚੋਣ ਕਰਨ ਲਈ ਉਦਯੋਗ ਨਾਲ ਸਹਿਯੋਗ ਕਰਨਾ। ਖ਼ਰੀਦਣ ਜਾਂ ਲੀਜ਼ 'ਤੇ ਲੈਣ ਲਈ ਉਪਲਬਧ ਵਾਹੀਯੋਗ ਜ਼ਮੀਨ ਨਾਲ ਨੌਜੁਆਨ ਕਿਸਾਨਾਂ ਦਾ ਤਾਲਮੇਲ ਪੈਦਾ ਕਰਨਾ।

### ਕਿਸਾਨਾਂ ਅਤੇ ਖੇਤਾਂ ਲਈ ਹਾਲਾਤ ਦਾ ਮੁਕਾਬਲਾ ਕਰਨ ਦੀ ਤਾਕਤ ਪੈਦਾ ਕਰਨਾ

ਸਦਾਬਹਾਰ ਫ਼ਸਲ ਨਵੀਨੀਕਰਣ ਪ੍ਰੋਗਰਾਮ ਦਾ ਇਜ਼ਾਫ਼ਾ ਕਰ ਕੇ ਕਿਸਾਨਾਂ ਦੀਆਂ ਫ਼ਸਲਾਂ ਅਤੇ ਉਪਜੀਵਕਾ ਦੀ ਰੱਖਿਆ ਕਰਨਾ। ਖੇਤੀਬਾੜੀ ਸਬੰਧੀ ਐਕਸਟ੍ਰੀਮ ਵੈਦਰ ਪਰਿਪੇਅਰਡਨੈੱਸ ਫ਼ੰਡ ਦਾ ਦਾਇਰਾ ਵਧਾਉਣਾ।

### ਬੀ ਸੀ ਨੂੰ ਸ਼ੁੱਧ-ਊਰਜਾ ਦੀ ਮਹਾਸ਼ਕਤੀ ਬਣਾਉਣਾ

ਫ਼ੌਸਿਲ ਫ਼ਿਊਲ 'ਤੇ ਨਿਰਭਰਤਾ ਤੋਂ ਕਿਫ਼ਾਇਤੀ ਅਤੇ ਭਰੋਸੇਮੰਦ ਸ਼ੁੱਧ ਊਰਜਾ ਵੱਲ ਤਬਦੀਲ ਹੋਣਾ। 2050 ਤੱਕ ਬਿਜਲੀ ਦਾ ਉਤਪਾਦਨ ਦੁੱਗਣਾ ਕਰਨਾ। ਤੇਲ ਅਤੇ ਗੈਸ ਦੇ ਵਿਕਾਸ ਤੋਂ ਹੋਣ ਵਾਲੀ ਆਮਦਨੀ ਤੋਂ ਨਵਾਂ ਕਲੀਨ ਇਕੌਨੋਮੀ ਟ੍ਰਾਂਜ਼ੀਸ਼ਨ ਫ਼ੰਡ ਕਾਇਮ ਕਰਨਾ।

### ਬੀ ਸੀ ਦੇ ਮਾਇਨ ਉਦਯੋਗ ਨੂੰ ਲੋੜੀਂਦੇ ਪਦਾਰਥਕ ਅਤੇ ਕਾਰਜਬਲ ਸਾਧਨ ਪੈਦਾ ਕਰਨਾ

ਖਨਨ ਨੂੰ ਸ਼ੁੱਧ ਊਰਜਾ ਰਾਹੀਂ ਮਦਦ ਦੇਣ ਲਈ ਬਿਜਲੀ ਦੇ ਗਰਿੱਡ ਦਾ ਵਿਸਤਾਰ ਕਰਨਾ। ਉੱਤਰੀ ਪੱਛਮ ਵਿੱਚ ਮੁੱਖ ਮਾਰਗਾਂ ਦੀ ਹਾਲਤ ਸੁਧਾਰਨਾ। ਕਾਮਿਆਂ ਨੂੰ ਸਮੇਂ ਨਾਲ ਕਦਮ ਮਿਲਾ ਕੇ ਚੱਲਣ ਵਿੱਚ ਮਦਦ ਦੇਣ ਲਈ ਯੂਨੀਅਨਾਂ ਦੀ ਅਗਵਾਈ ਵਿੱਚ ਟ੍ਰੇਨਿੰਗ ਪ੍ਰੋਗਰਾਮ ਚਲਾਉਣਾ।

### ਜੰਗਲਾਤ ਦੇ ਖੇਤਰ ਵਿੱਚ ਚੰਗੀਆਂ ਤਨਖ਼ਾਹਾਂ ਵਾਲੀਆਂ ਨੌਕਰੀਆਂ ਪੈਦਾ ਕਰਨਾ

ਬੀ ਸੀ ਮਿਲਜ਼ 'ਤੇ ਵਧੇਰੇ ਬੀ ਸੀ ਦੇ ਕਾਮੇ। ਲੱਕੜ ਉਤਪਾਦਨ ਕਰਨ ਵਾਲੀਆਂ ਸਹੂਲਤਾਂ ਦੇ ਕੰਮ ਵਿੱਚ ਤੇਜ਼ੀ ਲਿਆਉਣ ਲਈ ਫ਼ੌਰੈਸਟ ਵੈਲਿਊ ਫ਼ੰਡ+ਮੁੜ ਤੋਂ ਉਗਾਏ ਗਏ ਜੰਗਲਾਂ ਤੋਂ ਹਾਸਲ ਹੋਣ ਵਾਲੀ ਲੱਕੜ ਨੂੰ ਤਿਆਰ ਕਰਨ ਲਈ ਮਿੱਲਾਂ ਦੇ ਸਾਧਨਾਂ ਵਿੱਚ ਸੁਧਾਰ ਕਰਨਾ। ਇੰਜਨੀਅਰਡ ਲੱਕੜ ਦੇ ਉਤਪਾਦਨ ਵਿੱਚ ਵਾਧਾ ਕਰਨਾ।

### ਬੀ ਸੀ ਦੇ ਰੈਸਟੋਰੈਂਟਾਂ, ਵਾਈਨਰੀਆਂ, ਬਰੂਵਰੀਆਂ ਅਤੇ ਡਿਸਟਿਲਰੀਆਂ ਲਈ ਲਾਲ ਫ਼ੀਤਾਸ਼ਾਹੀ ਨੂੰ ਘੱਟ ਕਰਨਾ

ਸ਼ਰਾਬ ਸਬੰਧੀ ਕਾਨੂੰਨਾਂ ਨੂੰ ਅਤੇ ਲਾਈਸੈਂਸ ਜਾਰੀ ਕਰਨਾ ਆਧੁਨਿਕ ਬਣਾਉਣਾ ਤਾਂ ਕਿ ਨਿਗਰਾਨੀ ਅਤੇ ਕਾਨੂੰਨ ਲਾਗੂ ਕਰਨ ਵਾਲੇ ਸਾਧਨਾਂ ਨੂੰ ਵਧੇਰੇ ਖ਼ਤਰੇ ਵਾਲੇ ਸੰਸਥਾਨਾਂ 'ਤੇ ਕੇਂਦ੍ਰਿਤ ਕੀਤਾ ਜਾ ਸਕੇ।

### ਬੀ ਸੀ ਦੇ ਕਾਮਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ

ਬੀ ਸੀ ਦੀ ਘੱਟੋ ਘੱਟ ਮਿਨੀਮਮ ਵੇਜਵਿੱਚ ਕੀਤੇ ਜਾਣ ਵਾਲੇ ਵਾਧੇ ਨੂੰ ਮਹਿੰਗਾਈ ਨਾਲ ਜੋੜਨਾ। ਜਨਤਕ ਪ੍ਰੋਜੈਕਟਾਂ ਵਿਚਲੀਆਂ ਨੌਕਰੀਆਂ ਨੂੰ ਸੂਬੇ ਤੋਂ ਬਾਹਰ ਜਾਣ ਤੋਂ ਰੋਕਣਾ। ਆਰਜ਼ੀ ਵਿਦੇਸ਼ੀ ਕਾਮਿਆਂ ਲਈ ਸੁਰੱਖਿਆ ਵਿੱਚ ਵਾਧਾ ਕਰਨਾ।

# ਹੋਰ ਜ਼ਿਆਦਾ ਲੋਕਾਂ ਲਈ ਕਿਫ਼ਾਇਤੀ ਘਰ ਬਣਾਉਣਾ

ਘਰਾਂ ਨੂੰ ਵਧੇਰੇ ਉਪਲਬਧ ਅਤੇ ਹਾਸਲ ਕਰਨ ਯੋਗ ਬਣਾਉ ਲਈ ਡੇਵਿਡ ਈਬੀ ਦੀ ਰਿਹਾਇਸ਼ੀ ਯੋਜਨਾ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਅੱਗੋਂ ਇਹ ਹੋਣ ਵਾਲਾ ਹੈ।

### ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਮੌਕੇ ਪੈਦਾ ਕਰਨਾ

ਹਜ਼ਾਰਾਂ ਦੀ ਗਿਣਤੀ ਵਿੱਚ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਘਰ ਖ਼ਰੀਦਣ ਵਾਸਤੇ ਅਪ ਫਰੰਟ ਖ਼ਰਚਿਆਂ ਨੂੰ ਘਟਾਉਣਾ।

### ਅਜਿਹੇ ਘਰ ਜੋ ਵਾਕਈ ਤੁਹਾਡੇ ਲਈ ਕਿਫ਼ਾਇਤੀ ਹੋਣ:

ਸਪੈਕੂਲੇਟਰਾਂ ਵਿਰੁੱਧ ਕਾਰਵਾਈ ਕਰਨਾ ਅਤੇ ਆਮ ਲੋਕਾਂ  ਲਈ 300,000 ਹੋਰ ਘਰ ਬਣਾਉਣ ਲਈ ਮਦਦ ਦੇਣਾ; ਗੁਪਤ ਬੋਲੀ ਦੇਣ ਤੋਂ ਛੁਟਕਾਰਾ ਹਾਸਲ ਕਰਨਾ ਅਤੇ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਮੌਕੇ ਪੈਦਾ ਕਰਨਾ।.

### ਜ਼ਿਆਦਾ ਘੱਟ ਕੀਮਤ ਵਾਲੇ ਮਿਡਲ ਕਲਾਸ ਘਰਾਂ ਦੀ ਉਸਾਰੀ ਵਿੱਚ ਵਾਧਾ ਕਰਨਾ

ਬੀ ਸੀ ਦੇ ਫੈਕਟਰੀਆਂ ਦੁਆਰਾ ਨਿਰਮਿਤ ਕਿੱਤੇ ਗਏ ਘਰਾਂ ਦੀ ਇੰਡਸਟਰੀ ਨੂੰ ਬਢਾਉਣਾ ਤਾਂ ਜੋ ਲੋਕ ਆਪਣੀ ਹੀ ਜਮੀਨ ਤੇ ਸਿੰਗਲ ਘਰ, ਡੁਪਲੈਕਸ, ਅਤੇ ਟ੍ਰਿਪਲੈਕਸ ਸਿਰਫ 12 ਹਫ਼ਤਿਆਂ ਦੇ ਸਮੇਂ ਵਿੱਚ ਬਣਾ ਸਕਣ।

### ਜਨਤਕ ਜ਼ਮੀਨ 'ਤੇ ਰਿਹਾਇਸ਼ਾਂ ਨੂੰ ਤਰਜੀਹ ਦੇਣਾ

ਜਨਤਕ ਜ਼ਮੀਨਾਂ ਅਤੇ ਟ੍ਰਾਂਜ਼ਿਟ ਦੇ ਨਜ਼ਦੀਕ ਮੌਜੂਦ ਜ਼ਮੀਨਾਂ 'ਤੇ ਦਰਮਿਆਨੀ ਆਮਦਨੀ ਵਾਲੇ ਲੋਕਾਂ ਲਈ ਹਾਸਲ ਕਰਨ ਯੋਗ ਰਿਹਾਇਸ਼ਾਂ ਦੀ ਉਸਾਰੀ ਕਰਨਾ, ਅਤੇ ਇਨ੍ਹਾਂ ਜ਼ਮੀਨਾਂ ਨੂੰ ਨਾ ਵੇਚਣਾ।

### ਕਿਰਾਏ 'ਤੇ ਦਿੱਤੇ ਜਾ ਸਕਣ ਵਾਲੇ ਹੋਰ ਘਰਾਂ ਦੀ ਉਸਾਰੀ ਵਿੱਚ ਤੇਜ਼ੀ ਲਿਆਉਣਾ

ਕਿਰਾਏ 'ਤੇ ਦਿੱਤੀਆਂ ਜਾਣ ਵਾਲੀਆਂ ਰਿਹਾਇਸ਼ਾਂ ਨਾਲ ਜੁੜਿਆ ਨਵਾਂ ਮਿਉਨਿਸਿਪਲ ਇਨਫ਼ਰਾਸਟ੍ਰੱਕਚਰ ਫ਼ੰਡ ਸ਼ੁਰੂ ਹੋ ਰਿਹਾ ਹੈ। ਕਿਰਾਏ ਲਈ ਬਣਾਏ ਗਏ ਨਵੇ ਪ੍ਰੋਜੇਕਟ ਲਈ ਸੂਬਾਈ ਪ੍ਰਾਪਰਟੀ ਟੈਕਸ ਮਾਫ਼ ਕਰਨਾ। ਟ੍ਰਾਂਜ਼ਿਟ ਸਟੇਸ਼ਨਾਂ ਦੇ ਆਸ ਪਾਸ ਨਵੀਆਂ ਰਿਹਾਇਸ਼ਾਂ ਨੂੰ ਤਰਜੀਹ ਦੇਣਾ ਅਤੇ ਆਬਾਦੀ ਨੂੰ ਸੰਘਣਾ ਕਰਨਾ।

### ਕੰਸਟ੍ਰੱਕਸ਼ਨ ਅਪਰੈਂਟਿਸਸ਼ਿਪ ਟ੍ਰੇਨਿੰਗ ਨੂੰ ਦੁੱਗਣਾ ਕਰਨਾ

ਹਜ਼ਾਰਾਂ ਦੀ ਗਿਣਤੀ ਵਿੱਚ ਘਰਾਂ ਦੀ ਉਸਾਰੀ ਲਈ ਜਿਨ੍ਹਾਂ ਦੀ ਸਾਨੂੰ ਹਰ ਸਾਲ ਲੋੜ ਹੈ, ਰੈੱਡ ਸੀਲ ਪ੍ਰਮਾਣਿਤ ਵਰਕਰਾਂ ਨੂੰ ਟ੍ਰੇਨਿੰਗ ਦੇਣਾ।

### ਹਰ ਕਿਸੇ ਲਈ ਸੁਰੱਖਿਅਤ, ਮਜ਼ਬੂਤ ਰਿਹਾਇਸ਼ ਮੁਹੱਈਆ ਕਰਾਉਣਾ

ਲੋਕਾਂ ਨੂੰ ਘਰਾਂ ਵਿੱਚ ਲਿਆਉਣ ਲਈ ਹੋਮਲੈੱਸ ਐਨਕੈਂਪਮੈਂਟ ਐਕਸ਼ਨ ਰਿਸਪੌਂਸ ਟੈਂਪਰੇਰੀ ਹਾਊਸਿੰਗ ਪ੍ਰੋਗਰਾਮ ਨੂੰ ਹੋਰ ਜ਼ਿਆਦਾ ਭਾਈਚਾਰਿਆਂ ਤੱਕ ਪੁਚਾਉਣਾ।

